Surrey Schools
LEADERSHIP IN LEARNING

Tel: 604.596.7733
www.surreyschools.ca

# ਵਿਦਿਆਰਥੀਆਂ ਦੀ ਵੱਧ ਰਹੀ ਗਿਣਤੀ ਦਾ ਪ੍ਰਬੰਧ ਕਰਨਾ

(Managing rising student enrolment)

ਡਿਵੈਲਪਮੈਂਟ ਕਾਰਨ ਰਿਹਾਇਸ਼ੀ ਘਰਾਂ ਵਿੱਚ ਹੋ ਰਹੇ ਵਾਧੇ ਕਾਰਨ ਸਰੀ ਅਤੇ ਵਾਈਟ ਰੌਕ ਦੇ ਕੁੱਝ ਹਿੱਸਿਆਂ ਦੀ ਅਬਾਦੀ ਬਹੁਤ ਤੇਜ਼ੀ ਨਾਲ ਵੱਧ ਰਹੀ ਹੈ। ਸਰੀ ਸਕੂਲ ਜ਼ਿਲ੍ਹੇ ਨੂੰ ਇਸ ਵਾਧੇ ਦੇ ਅਸਰਾਂ ਨਾਲ ਨਿਪਟਣਾ ਪੈ ਰਿਹਾ ਹੈ। ਇਨ੍ਹਾਂ ਅਸਰਾਂ ਵਿੱਚ ਪ੍ਰਭਾਵਿਤ ਗੁਆਂਢਾਂ ਦੇ ਸਕੂਲਾਂ ਵਿੱਚ ਵੱਧਦੀ ਭੀੜ ਵੀ ਸ਼ਾਮਲ ਹੈ।

## ਨਵੇਂ ਸਕੂਲ ਬਣਾਉਣਾ

ਇਕ ਹੱਲ ਨਵੇਂ ਸਕੂਲ ਬਣਾਉਣਾ ਹੈ, ਪਰ ਸਰੀ ਸਕੂਲ ਜ਼ਿਲ੍ਹਾ ਇਹ ਤਾਂ ਹੀ ਕਰ ਸਕਦਾ ਹੈ ਜੇ ਉਸ ਨੂੰ ਅਜਿਹਾ ਕਰਨ ਲਈ ਸੂਬਾਈ ਸਰਕਾਰ ਤੋਂ ਪੈਸਿਆਂ ਦੀ ਗ੍ਰਾਂਟ ਮਿਲੇ। ਹਰ ਸਾਲ ਜ਼ਿਲ੍ਹਾ ਇਮਾਰਤਾਂ ਵਿੱਚ ਬਹੁਤ ਜ਼ਰੂਰੀ ਨਿਵੇਸ਼ ਦੀਆਂ ਲੋੜਾਂ ਦੀ ਪਛਾਣ ਕਰਨ ਵਾਲੀ  ਆਪਣੀ ਕੈਪੀਟਲ ਪਲੈਨ (ਪੂੰਜੀ ਦੀ ਵਿਉਂਤ) ਰਾਹੀਂ ਸੂਬੇ ਤੋਂ ਨਵੇਂ ਸਕੂਲ ਬਣਾਉਣ ਲਈ ਲਈ ਪੈਸੇ ਮੰਗਦਾ ਹੈ।

*ਸਰਕਾਰ ਸਿਰਫ ਉਦੋਂ ਹੀ ਨਵੇਂ ਸਕੂਲਾਂ ਲਈ ਪੈਸੇ ਦੇਵੇਗੀ ਜਦੋਂ ਲੋੜ ਬਹੁਤ ਸਪਸ਼ਟ ਅਤੇ ਲੰਮੇ ਸਮੇਂ ਤੋਂ ਚੱਲੀ ਆ ਰਹੀ ਹੋਵੇ ਜਿਵੇਂ ਕਿ ਅਜਿਹੇ ਗਵਾਂਢਾਂ ਲਈ ਜਿੱਥੇ ਸਾਰੇ ਸਕੂਲ ਆਪਣੀ ਸਮਰੱਥਾ ਤੋਂ ਕਾਫੀ ਜ਼ਿਆਦਾ ਵਾਧੇ ਨਾਲ ਚੱਲ ਰਹੇ ਹੋਣ।*



*ਕੀ ਤੁਸੀਂ ਜਾਣਦੇ ਹੋ?*

ਭਾਵੇਂ ਸਰਕਾਰ ਦੀ ਮਨਜ਼ੂਰੀ ਛੇਤੀ ਤੋਂ ਛੇਤੀ ਵੀ ਮਿਲ ਜਾਵੇ, ਜਿਹੜਾ ਕਿ ਬਹੁਤ ਘੱਟ ਹੁੰਦਾ ਹੈ, ਫਿਰ ਵੀ ਇਕ ਨਵਾਂ ਸਕੂਲ ਬਣਨ ਵਿੱਚ **ਪੰਜ ਸਾਲ** ਲੱਗ ਸਕਦੇ ਹਨ। ਨਵੇਂ ਸਕੂਲ ਲਈ ਥਾਂ ਖ੍ਰੀਦਣੀ ਪੈਂਦੀ ਹੈ, ਇਮਾਰਤ ਲਈ ਵਿਉਂਤ ਬਣਾਉਣੀ ਪੈਂਦੀ ਹੈ, ਉਸ ਦਾ ਡਿਜ਼ਾਇਨ ਬਣਾਉਣਾ ਅਤੇ ਮਨਜ਼ੂਰ ਕਰਾਉਣਾ ਪੈਂਦਾ ਹੈ ਅਤੇ ਇਸ ਨੂੰ ਬਣਾਉਣ ਲਈ ਠੇਕੇਦਾਰ ਹਾਇਰ ਕਰਨੇ ਪੈਂਦੇ ਹਨ। ਮਨਜ਼ੂਰ ਹੋਏ ਅਤੇ ਭਵਿੱਖ ਦੇ ਪ੍ਰੋਜੈਕਟਾਂ ਬਾਰੇ ਜਾਣਕਾਰੀ ਇੱਥੋਂ ਮਿਲ ਸਕਦੀ ਹੈ

## ਵਿਦਿਆਰਥੀਆਂ ਦੀ ਵੱਧਦੀ ਗਿਣਤੀ ਨਾਲ ਨਿਪਟਣ ਲਈ ਬਦਲਵੇਂ ਤਰੀਕੇ

ਵਿਦਿਆਰਥੀਆਂ ਦੀ ਵੱਧਦੀ ਗਿਣਤੀ ਨਾਲ ਨਿਪਟਣ ਲਈ ਸਰੀ ਸਕੂਲ ਬੋਰਡ ਕੋਲ ਹੋਰ ਢੰਗ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ:

### *ਵਾਧੇ*

ਕਈ ਵਾਰੀ ਮੌਜੂਦਾ ਸਕੂਲ ਵਿੱਚ ਵਾਧਾ ਕਰਨਾ ਵੱਧ ਰਹੀ ਮੰਗ ਨਾਲ ਨਿਪਟਣ ਲਈ ਕਾਫੀ ਹੁੰਦਾ ਹੈ। ਨਵੇਂ ਵਾਧਿਆ ਲਈ ਵੀ ਸਰਕਾਰ ਤੋਂ ਫੰਡਾਂ ਦੀ ਜ਼ਰੂਰਤ ਹੁੰਦੀ ਹੈ, ਇਸ ਲਈ ਉਹ ਬਹੁਤ ਛੇਤੀ ਹੋਣ ਵਾਲੇ ਹੱਲ ਨਹੀਂ ਹਨ।



### *ਪੋਰਟੇਬਲ*

ਜਿੰਨਾ ਚਿਰ ਤੱਕ ਨਵਾਂ ਸਕੂਲ ਬਣਾਉਣ ਜਾਂ ਮੌਜੂਦਾ ਸਕੂਲ ਵਿੱਚ ਵਾਧਾ ਕਰਨ ਲਈ ਪੈਸੇ ਨਹੀਂ ਮਿਲ ਜਾਂਦੇ, ਜ਼ਿਲ੍ਹਾ ਸਕੂਲਾਂ ਦੀ ਸਮਰੱਥਾ ਵਧਾਉਣ ਲਈ ਪੋਰਟੇਬਲਾਂ ਦੀ ਵਰਤੋਂ ਕਰਦਾ ਹੈ। ਸਕੂਲ ਦੀ ਆਮ ਥਾਂ ਦੀ ਵਰਤੋਂ ਦੇ ਮੁਕਾਬਲੇ ਪੋਰਟੇਬਲ ਵਰਤਣ ਲਈ ਜ਼ਿਆਦਾ ਖਰਚਾ ਹੁੰਦਾ ਹੈ, ਪਰ ਜ਼ਿਲ੍ਹੇ ਨੂੰ ਇਨ੍ਹਾਂ ਨੂੰ ਵਰਤਣ ਲਈ ਕੋਈ ਵਾਧੂ ਪੈਸੇ ਨਹੀਂ ਮਿਲਦੇ, ਇਸ ਲਈ ਜ਼ਿਲ੍ਹਾ ਜਦੋਂ ਵੀ ਸੰਭਵ ਹੋਵੇ ਨਵੀਂ ਇਮਾਰਤ ਬਣਾਉਣ ਨੂੰ ਤਰਜੀਹ ਦਿੰਦਾ ਹੈ।

### *ਹੱਦਾਂ ਵਿੱਚ ਤਬਦੀਲੀਆਂ*

ਇਲਾਕੇ ਵਿੱਚ ਪੈਂਦੇ ਸਕੂਲਾਂ ਵਿਚਕਾਰ ਵਿਦਿਆਰਥੀਆਂ ਦੀ ਗਿਣਤੀ ਦੀ ਜ਼ਿਆਦਾ ਬਰਾਬਰ ਢੰਗ ਨਾਲ ਵੰਡ ਕਰਨ ਲਈ ਸਕੂਲ ਅਧੀਨ ਆਉਂਦੇ ਇਲਾਕਿਆਂ (ਕੈਚਮੈਂਟ ਏਰੀਏ) ਨੂੰ ਤਬਦੀਲ ਕਰਕੇ ਵੀ ਵਿਦਿਆਰਥੀਆਂ ਦੀ ਵੱਧ ਰਹੀ ਗਿਣਤੀ ਨਾਲ ਨਿਪਟਿਆ ਜਾ ਸਕਦਾ ਹੈ। ਇਹ ਚੰਗਾ ਹੱਲ ਹੋ ਸਕਦਾ ਹੈ, ਪਰ ਸ਼ਾਇਦ ਉਨ੍ਹਾਂ ਇਲਾਕਿਆਂ ਲਈ ਇਹ ਇਕ ਆਰਜ਼ੀ ਹੱਲ ਹੋਵੇ ਜਿਨ੍ਹਾਂ ਇਲਾਕਿਆਂ ਵਿੱਚ ਵਾਧਾ ਏਨਾ ਜ਼ਿਆਦਾ ਹੋਵੇ ਕਿ ਉਸ ਕਾਰਨ ਨਵੇਂ ਸਕੂਲ ਦੀ ਲੋੜ ਹੋਵੇ।